# 42

# ਆਖ਼ਰੀ ਘੜੀਆਂ ਦੀਆਂ ਤਿਆਰੀਆਂ

## (16:21-28)

ਚੇਲਿਆਂ ਨੂੰ ਹੁਣ ਤਕ ਯਿਸੂ ਦੀ ਇਹ ਗੱਲ ਸਮਝ ਨਹੀਂ ਆਈ ਸੀ ਕਿ ਜੋ ਉਸ ਨੇ ਕਿਹਾ ਸੀ ਕਿ ਉਹ ਮਸੀਹਾ ਅਤੇ ਖ਼ੁਦਾ ਦਾ ਪੁੱਤਰ ਹੈ। ਹੁਣ ਉਹ ਉਨ੍ਹਾਂ ਨੂੰ ਹੋਰ ਸਿਖਾਉਣ ਅਤੇ ਇਹ ਦੱਸਣ ਲੱਗਾ ਕਿ ਉਸ ਦਾ ਮਰਨਾ ਜ਼ਰੂਰੀ ਹੈ।

### ਨੇੜੇ ਆ ਰਹੀ ਸਲੀਬ ਅਤੇ ਸਿਰ ਉੱਤੇ ਮੰਡਰਾਉਂਦੀ ਆਪਣੀ ਮੌਤ ਦਾ ਯਿਸੂ ਦਾ ਪਹਿਲਾ ਐਲਾਨ (16:21-23)

**21ਉਸ ਸਮੇਂ ਤੋਂ ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਭਈ ਮੈਨੂੰ ਜਰੂਰ ਹੈ ਜੋ ਯਰੂਸ਼ਲਮ**
**ਨੂੰ ਜਾਵਾਂ ਅਤੇ ਬਜ਼ੁਰਗਾਂ ਅਤੇ ਪਰਧਾਨ ਯਾਜਕਾਂ ਅਤੇ ਗ੍ਰੰਥੀਆਂ ਦੇ ਹੱਥੋਂ ਬਹੁਤ ਦੁਖ ਝੱਲਾਂ ਅਤੇ ਮਾਰ**
**ਦਿੱਤਾ ਜਾਵਾਂ ਅਤੇ ਤੀਏ ਦਿਨ ਜੀ ਉੱਠਾਂ 22ਤਦ ਪਤਰਸ ਉਹ ਨੂੰ ਇਕ ਪਾਸੇ ਕਰ ਕੇ ਝਿੜਕਣ ਲੱਗਾ**
**ਅਤੇ ਉਹ ਨੂੰ ਕਿਹਾ, ਪ੍ਰਭੂ ਜੀ ਪਰਮੇਸ਼ੁਰ ਇਹ ਨਾ ਕਰੇ! ਤੇਰੇ ਲਈ ਇਹ ਕਦੇ ਨਾ ਹੋਵੇਗਾ! 23ਪਰ**
**ਉਹ ਨੇ ਮੁੜ ਕੇ ਪਤਰਸ ਨੂੰ ਆਖਿਆ, ਹੇ ਸ਼ੈਤਾਨ ਮੈਥੋਂ ਪਿੱਛੇ ਹਟ! ਤੂੰ ਮੇਰੇ ਲਈ ਠੋਕਰ ਹੈਂ ਕਿਉਂ**
**ਜੋ ਤੂੰ ਪਰਮੇਸ਼ੁਰ ਦੀਆਂ ਨਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ।**

**ਆਇਤ 21. ਉਸ ਸਮੇਂ ਤੋਂ** (ਵੇਖੋ 4:17) ਯਿਸੂ ਦੀ ਸੇਵਕਾਈ ਦੇ ਨਵੇਂ ਦੇ ਚਰਮ ਦਾ ਸੰਕੇਤ ਹੈ। ਗਲੀਲ ਵਿਚ ਉਸ ਦਾ ਕੰਮ ਮੁੱਕਣ ਦੇ ਨੇੜੇ ਸੀ ਅਤੇ ਉਹ ਆਪਣਾ ਧਿਆਨ ਯਰੂਸ਼ਲਮ ਵੱਲ ਮੋੜ ਰਿਹਾ ਸੀ। ਗੁਲਗੁਥਾ ਦਾ ਪਰਛਾਵਾਂ ਹੁਣ ਉਹਦੇ ਉੱਤੇ ਪੈਣ ਲੱਗ ਪਿਆ ਸੀ (ਵੇਖੋ 19:1)। ਉਤਪਤ 3:15 ਦੇ ਬਾਅਦ ਤੋਂ ਬਾਈਬਲ ਵਿਚ ਕਿਸੇ ਨਾਟਕੀ ਘਟਨਾ ਵੱਲ ਧਿਆਨ ਦੁਆਇਆ ਗਿਆ ਹੈ। ਉਸ ਨੇ ਯਰੂਸ਼ਲਮ ਵੱਲ ਨੂੰ ਮੂੰਹ ਕਰ ਲਿਆ ਹੈ ਅਤੇ ਉਸ ਨੇ ਵਾਪਸ ਨਹੀਂ ਮੁੜਨਾ ਸੀ। ਯਿਸੂ ਨੂੰ ਪਤਾ ਸੀ ਕਿ ਜਿਨ੍ਹਾਂ ਲੋਕਾਂ ਉੱਤੇ ਉਹ ਸੰਸਾਰ ਲਈ ਮੁਕਤੀ ਦੇ ਆਪਣੇ ਸੰਦੇਸ਼ ਨੂੰ ਲਿਜਾਣ ਲਈ ਨਿਰਭਰ ਹੈ, ਉਹ ਅਜੇ ਰੂਹਾਨੀ ਸਮਝ ਵਿਚ ਨਿਆਣੇ ਸਨ। ਉਸ ਨੇ ਉਨ੍ਹਾਂ ਨੂੰ ਅਜੇ ਬਹੁਤ ਕੁਝ ਸਮਝਾਉਣਾ ਸੀ ਅਤੇ ਇਸ ਕਾਰਜ ਨੂੰ ਇਸ ਥੋੜੇ ਜਿਹੇ ਸਮੇਂ ਵਿਚ ਪੂਰਾ ਕੀਤਾ ਜਾਣਾ ਸੀ।

**ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਭਈ ਮੈਨੂੰ ਜਰੂਰ ਹੈ ਜੋ ਯਰੂਸ਼ਲਮ ਨੂੰ ਜਾਵਾਂ ਅਤੇ . . . ਬਹੁਤ ਦੁੱਖ ਝੱਲਾਂ।** 16:1 ਵਿਚ ਸਦੂਕੀਆਂ ਅਤੇ ਫ਼ਰੀਸੀਆਂ ਨੇ ਯਿਸੂ ਨੂੰ ਇਕ ਨਿਸ਼ਾਨ "ਵਿਖਾ" ਦੇਣ (*epideiknumi*) ਲਈ ਕਿਹਾ ਸੀ, ਪਰ ਉਸ ਨੇ ਨਹੀਂ ਵਿਖਾਇਆ। ਇੱਥੇ ਯਿਸੂ ਆਪਣੇ ਚੇਲਿਆਂ ਨੂੰ ਉਹ "ਵਿਖਾਉਣ" (*deiknumi*) ਲੱਗਾ ਜੋ ਭਵਿੱਖ ਵਿਚ ਹੋਣ ਵਾਲਾ ਸੀ। ਮਸੀਹ ਨਾਲ ਉਨ੍ਹਾਂ ਦੇ ਸਬੰਧ ਕਰਕੇ ਉਨ੍ਹਾਂ ਨੂੰ ਇਸ ਮੁਕਾਸ਼ਫ਼ੇ ਨੂੰ ਪਾਉਣ ਦੀ ਖੁਸ਼ਕਿਸਮਤੀ ਮਿਲੀ ਸੀ (13:11)।[1] ਕਿਰਿਆ ਸ਼ਬਦ "ਜ਼ਰੂਰ" (*dei*) ਇਲਾਹੀ ਲੋੜ ਦਾ ਸੰਕੇਤ ਦਿੰਦਾ ਹੈ ਕਿ ਉਹਦੇ ਲਈ ਦੁੱਖ ਝਲਣਾ ਖ਼ੁਦਾ ਦੀ ਮਰਜ਼ੀ ਸੀ (26:39, 42; ਰਸੂਲਾਂ ਦੇ ਕੰਮ 2:23)।

ਪ੍ਰਭੂ ਦੇ ਦੁੱਖ ਨੂੰ **ਬਜ਼ੁਰਗਾਂ ਅਤੇ ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ** ਵੱਲੋਂ ਹੋਰ ਵਧਾਇਆ ਜਾਣਾ

ਸੀ। ''ਬਜ਼ੁਰਗ'' ਆਪਣੀ ਸਿਆਣਪ ਲਈ ਮਸ਼ਹੂਰ ਸਨ। ''ਪ੍ਰਧਾਨ ਯਾਜਕ'' ਹਕੂਮਤ ਕਰਨ ਵਾਲੇ ਕੁਲੀਨ ਲੋਕ ਸਨ ਜੋ ਆਮ ਤੌਰ ਤੇ ਸਦੂਕੀਆਂ ਨਾਲ ਮਿਲ ਜਾਂਦੇ ਸਨ। ''ਗ੍ਰੰਥੀ'' ਜਾਂ ''ਸ਼ਰ੍ਹਾ ਦੇ ਸਿਖਾਉਣ ਵਾਲੇ'' (NIV) ਪੜ੍ਹੇ ਲਿਖੇ ਰੱਬੀ ਹੁੰਦੇ ਸਨ ਜੋ ਮੁੱਖ ਤੌਰ ਤੇ ਫ਼ਰੀਸੀ ਹੀ ਸਨ। ਇਹ ਤੀਹਰਾ ਵਿਰਤਾਂਤ ਯਰੂਸ਼ਲਮ ਦੀ ਯਹੂਦੀ ਸਭਾ ਸੈਨਹੇਡ੍ਰਿਨ ਦਾ ਸੰਕੇਤ ਹੈ। ਉਹ ਲੋਕ ਜਿਨ੍ਹਾਂ ਨੂੰ ਯਿਸੂ ਦਾ ਆਦਰ ਅਤੇ ਬੰਦਗੀ ਕਰਨ ਵਾਲਿਆਂ ਦੀ ਕਤਾਰ ਵਿਚ ਮੋਹਰੀ ਹੋਣਾ ਚਾਹੀਦਾ ਸੀ ਉਹੀ ਉਸ ਨੂੰ ਦੁੱਖ ਦੇਣ ਵਾਲੇ ਅਤੇ ਉਸ ਦੀ ਮੌਤ ਦੀ ਮੰਗ ਕਰਨ ਵਾਲੇ ਲੋਕ ਸਨ।[2]

ਮਸੀਹ ਨੇ ਖ਼ਾਸ ਤੌਰ ਤੇ ਨਬੂਵਤ ਕੀਤੀ ਕਿ ਉਸ ਨੂੰ **ਮਾਰ ਦਿੱਤਾ** ਜਾਣਾ ਸੀ। ਉਸ ਨੇ ਅਜਿਹੀ ਮੌਤ ਦਾ ਸੰਕੇਤ ਦਿੱਤਾ ਸੀ ਕਿ (9:15; 12:39, 40; ਯੂਹੰਨਾ 2:19; 3:14; 6:51), ਪਰ ਇਸ ਬਾਰੇ ਸਪੱਸ਼ਟ ਇਹ ਪਹਿਲਾ ਕਥਨ ਹੀ ਸੀ (ਵੇਖੋ 17:22, 23; 20:17–19; 26:2)। ਮਰਕੁਸ ਵਿਚ ਇਸ ਦੇ ਸਮਾਨਾਂਤਰ ਆਇਤਾਂ ਵਿਚ ਕਿਹਾ ਗਿਆ ਹੈ ਕਿ ''ਉਸ ਨੇ ਇਹ ਗੱਲ ਖੋਲ੍ਹ ਕੇ ਕਹਿ ਦਿੱਤੀ'' (ਮਰਕੁਸ 8:32)। ਯਿਸੂ ਨੇ ਇਸ ਨਬੂਵਤ ਵਿਚ ਆਪਣੀ ਮੌਤ ਦੇ ਢੰਗ ਨੂੰ ਚੇਲਿਆਂ ਉੱਤੇ ਬਿਲਕੁਲ ਸਾਫ਼ ਨਹੀਂ ਕੀਤਾ, ਭਾਵੇਂ 16:24 ਵਿਚ ਇਸ ਦਾ ਸੰਕੇਤ ਹੈ। ਬਾਅਦ ਦੀ ਇਕ ਨਬੂਵਤ ਵਿਚ ਯਿਸੂ ਨੇ ਸਪੱਸ਼ਟ ਕਰ ਦਿੱਤਾ ਕਿ ਉਹੀ ਮੌਤ ਸਲੀਬ ਤੇ ਚੜ੍ਹਾਏ ਜਾਣ ਨਾਲ ਹੋਣੀ ਸੀ (20:17–19)। ਸ਼ਾਇਦ ਉਨ੍ਹਾਂ ਨੂੰ ਪੁਰਾਣੇ ਨੇਮ ਦੀ ਨਬੂਵਤ ਤੋਂ ਇਸ ਸਚਿਆਈ ਦਾ ਪਹਿਲਾਂ ਤੋਂ ਹੀ ਪਤਾ ਹੋਣਾ ਚਾਹੀਦਾ ਸੀ (ਜ਼ਬੂਰ 22:16–18; ਯਸਾਯਾਹ 53:1–12)।

ਯਿਸੂ ਨੇ ਇਹ ਵੀ ਸਮਝਾਇਆ ਸੀ ਕਿ ਉਸ ਨੇ **ਤੀਏ ਦਿਨ ਜੀ** ਉੱਠਣਾ ਸੀ। ਖ਼ੁਦਾ ਨੇ ''*[ਉਸ ਦੀ]* ਜਾਨ ਨੂੰ ਪਤਾਲ ਵਿਚ ਨਾ ਛੱਡਣਾ ਸੀ ਅਤੇ ਨਾ ਆਪਣੇ ਪਵਿੱਤਰ ਪੁਰਖ ਨੂੰ ਗਲਣ'' ਦੇਣਾ ਸੀ (ਰਸੂਲਾਂ ਦੇ ਕੰਮ 2:27)। ''ਤੀਏ ਦਿਨ'' ਜੋ ਕਿ ''ਤਿੰਨ ਦਿਨਾਂ ਬਾਅਦ'' ਦੇ ਇਬਰਾਨੀ ਇਜ਼ਹਾਰ ਵਾਂਗ ਹੀ ਹੈ, ਮਸੀਹ ਦੇ ਜੀ ਉੱਠਣ ਦੀ ਲਿਖਤ ਦੀ ਗਵਾਹੀ ਨਾਲ ਮੇਲ ਖਾਂਦਾ ਹੈ।[3] ਆਪਣੇ ਦੁੱਖ ਝੱਲਣ ਦੇ ਯਿਸੂ ਦੇ ਪੂਰਬ ਗਿਆਨ ਨਾਲ ਜਿਹੜਾ ਉਸ ਨੇ ਕਈ ਮੌਕਿਆਂ ਤੇ ਆਪਣੇ ਚੇਲਿਆਂ ਉੱਤੇ ਪਰਗਟ ਕੀਤਾ ਉਸ ਦੇ ਜੀ ਉੱਠਣ ਦੇ ਬਾਅਦ ਉਨ੍ਹਾਂ ਦਾ ਵਿਸ਼ਵਾਸ ਮਜ਼ਬੂਤ ਹੋਇਆ (ਲੂਕਾ 24:44–49; ਯੂਹੰਨਾ 14:29; 16:1, 4, 33)।

**ਆਇਤ 22.** ਮਸੀਹ ਵੱਲੋਂ ਪਤਰਸ ਦਾ ਇਕਰਾਰ ਕੀਤੇ ਜਾਣ ਨੂੰ ਧਿਆਨ ਵਿਚ ਰੱਖਦਿਆਂ (16:16) ਯਿਸੂ ਦੀ ਨੇੜੇ ਆ ਰਹੀ ਮੌਤ ਹਿਲਾ ਦੇਣ ਵਾਲੀ ਸੀ। **ਪਤਰਸ ਉਹ ਨੂੰ ਇਕ ਪਾਸੇ ਕਰ ਕੇ ਝਿੜੱਕਣ ਲੱਗਾ।** ਇਹ ਸਪੱਸ਼ਟ ਹੈ ਕਿ ਪਤਰਸ ਦੇ ਕੰਮ ਬੜੇ ਨਿਰਾਲੇ ਹੁੰਦੇ ਸਨ। ਕਿਸੇ ਵਿਦਿਆਰਥੀ ਲਈ ਆਪਣੇ ਗੁਰੂ ਦੀ ਗ਼ਲਤੀ ਨੂੰ ਸੁਧਾਰਨਾ ਰਵਾਇਤ ਦੇ ਖ਼ਿਲਾਫ਼ ਹੈ, ਅਤੇ ਉਸ ਨੂੰ ''ਝਿੜਕਣਾ'' ਤਾਂ ਇਸ ਨਾਲੋਂ ਵੀ ਵੱਡੀ ਗੱਲ ਸੀ।[4] ਪਤਰਸ ਨੇ ਜ਼ਿੱਦ ਕੀਤੀ, **''ਪ੍ਰਭੂ ਜੀ ਪਰਮੇਸ਼ੁਰ ਇਹ ਨਾ ਕਰੇ! ਤੇਰੇ ਲਈ ਇਹ ਕਦੇ ਨਾ ਹੋਵੇਗਾ।''** ਇਹ ਵਿਚਾਰ ਕਿ ਮਸੀਹਾ ਦੁੱਖ ਝੱਲੇਗਾ, ਪਹਿਲੀ ਸਦੀ ਵਿਚ ਯਹੂਦੀਆਂ ਦੀਆਂ ਉਮੀਦਾਂ ਦੇ ਬਿਲਕੁਲ ਉਲਟ ਸੀ (1 ਕੁਰਿੰਥੀਆਂ 1:23)। ਉਨ੍ਹਾਂ ਨੂੰ ਉਮੀਦ ਸੀ ਕਿ ਮਸੀਹਾ ਇਸਰਾਏਲੀਆਂ ਨੂੰ ਉਨ੍ਹਾਂ ਦੇ ਦੁਸ਼ਮਣਾਂ ਦੇ ਹੱਥੋਂ ਛੁਡਾਏਗਾ ਅਤੇ ਇਸਰਾਏਲ ਦੇ ਅੰਦਰ ਬਦਕਾਰਾਂ ਦਾ ਨਿਆਂ ਕਰੇਗਾ। ਉਸ ਨੇ ਆਪਣੇ ਆਪ ਨੂੰ ਮੌਤ ਨਹੀਂ ਦੇਣੀ ਸੀ।[5] ਤਾਂ ਵੀ ਪਤਰਸ ਲਈ ਇਹ ਸੋਚਣਾ ਕਿ ਉਹ ਪ੍ਰਭੂ ਦੀ ਮੌਤ ਨੂੰ ਰੋਕ ਸਕਦਾ ਸੀ, ਬੇਵਕੂਫ਼ੀ ਵਾਲੀ ਗੱਲ ਸੀ।

**ਆਇਤ 23.** ਆਪਣੀਆਂ ਸਭ ਤੋਂ ਤਿੱਖੀਆਂ ਝਾੜਾਂ ਜਿਹੜੀਆਂ ਲਿਖੀਆਂ ਗਈਆਂ ਸਨ, ਇਕ ਵਿਚ ਯਿਸੂ ਨੇ **ਪਤਰਸ ਨੂੰ ਆਖਿਆ ਹੇ ਸ਼ੈਤਾਨ ਮੈਥੋਂ ਪਿੱਛੇ ਹਟ।** ਜਿਵੇਂ ਉਸ ਨੇ ਬਾਅਦ ਵਿਚ ਕੀਤਾ, ਮਸੀਹ ਦਾ ਤਿੰਨ ਵਾਰ ਇਨਕਾਰ ਕਰਨ ਤੇ ਪਤਰਸ ਨੇ ਸ਼ੈਤਾਨ ਨੂੰ ਆਪਣੇ ਮਨ ਵਿਚ ਆਉਣ ਅਤੇ ''*[ਉਸ ਨੂੰ]* ਕਣਕ ਦੀ ਤਰ੍ਹਾਂ ਫਟਕਣ'' ਦੀ ਇਜਾਜ਼ਤ ਦਿੱਤੀ (ਲੂਕਾ 22:31)। ਸ਼ੈਤਾਨ ਪਤਰਸ ਨੂੰ ''ਸਲੀਬ ਦਾ ਦੁੱਖ ਝੱਲੇ ਬਗ਼ੈਰ ਤਾਜ ਨੂੰ ਪਾਉਣ''[6] ਲਈ ਯਿਸੂ ਨੂੰ ਭਰਮਾਉਣ ਲਈ ਵਰਤ ਰਿਹਾ

ਸੀ (4:8–10 ਤੇ ਟਿੱਪਣੀਆਂ ਵੇਖੋ)। ਜਦ ਕੋਈ ਇਨਸਾਨ ਖ਼ੁਦਾ ਦੀ ਮਰਜ਼ੀ ਦੇ ਖ਼ਿਲਾਫ਼ ਗਿਆ ਹੋਵੇ ਤਾਂ ਉਹ ਆਪਣੇ ਆਪ ਨੂੰ ਸ਼ੈਤਾਨ ਦੀ ਗੋਦ ਵਿਚ ਪਾਉਂਦਾ ਹੈ ਅਤੇ ਉਹ ਆਪਣੇ ਕੰਮ ਵਿਚ ਆਪਣੇ ਆਪ ਨੂੰ ਹੋਰ ਵੀ ਮਸਰੂਫ਼ ਹੋਇਆ ਪਾਉਂਦਾ ਹੈ।[7]

ਆਇਤਾਂ 17 ਅਤੇ 23 ਵਿਚ ਇਕ ਬੜਾ ਸਾਫ਼ ਫ਼ਰਕ ਹੈ। ਆਇਤ 17 ਵਿਚ ਯਿਸੂ ਨੇ ਪਤਰਸ ਨੂੰ ਇਹ ਆਖਦਿਆਂ ਕਿ ਉਸ ਉੱਤੇ ਖ਼ੁਦਾ ਵੱਲੋਂ ਜ਼ਾਹਿਰ ਕੀਤਾ ਗਿਆ ਸੀ, ਆਪਣੇ ਇਕਰਾਰ ਲਈ ਉਹ ਨੂੰ ਬਰਕਤ ਦਿੱਤੀ। ਆਇਤ 23 ਵਿਚ ਅਜਿਹਾ ਲਗਦਾ ਹੈ ਕਿ ਮਸੀਹ ਨੂੰ ਝਿੜਕਣ ਦੀ ਪਤਰਸ ਨੂੰ ਪ੍ਰੇਰਣਾ ਸ਼ੈਤਾਨ ਵੱਲੋਂ ਦਿੱਤੀ ਗਈ ਸੀ।

''ਹੇ ਸ਼ੈਤਾਨ ਮੈਥੋਂ ਪਿੱਛੇ ਹਟ'' 4:10 ਵਿਚਲੇ ''ਹੇ ਸ਼ੈਤਾਨ ਚਲਿਆ ਜਾਹ'' ਵਰਗਾ ਹੀ ਹੈ। ਪਰ ਉਜਾੜ ਦੀਆਂ ਅਜ਼ਮਾਇਸ਼ਾਂ ਵਿਚ ਯਿਸੂ ਸ਼ੈਤਾਨ ਨੂੰ ਆਪਣੇ ਸਾਹਮਣਿਓਂ ਚਲੇ ਜਾਣ ਨੂੰ ਕਹਿ ਰਿਹਾ ਸੀ, ਪਰ ਇੱਥੇ ਹੋ ਸਕਦਾ ਹੈ ਕਿ ਉਹ ਪਤਰਸ ਨੂੰ ਚੇਲੇ ਦੇ ਰੂਪ ਵਿਚ ਆਪਣੀ ਸਹੀ ਭੂਮਿਕਾ ਵਿਚ ਆਉਣ ਜਾਂ ਸਲੀਬ ਤਕ ਉਹਦੇ ਮਗਰ ਚੱਲਣ ਲਈ ਕਹਿ ਰਿਹਾ ਹੋਵੇ।[8]

ਆਪਣੇ ਵਿਰੋਧ ਦੇ ਰਾਹੀਂ ਪਤਰਸ ਯਿਸੂ ਲਈ **ਠੋਕਰ** ਸੀ। ਪਤਰਸ ਭਾਵ ''ਪੱਥਰ'' ਠੇਡਾ ਲੱਗਣ ਦਾ ਪੱਥਰ ਬਣ ਗਿਆ ਸੀ। ਜੇ ਪਤਰਸ ਯਿਸੂ ਦੇ ਮਗਰ ਚੱਲਦਾ ਤਾਂ ਉਸ ਨੇ ਸਲੀਬ ਤਕ ਜਾਣ ਵੇਲੇ ਕੋਈ ਰੁਕਾਵਟ ਨਹੀਂ ਬਣਨਾ ਸੀ।

ਯਿਸੂ ਨੇ ਪਤਰਸ ਨੂੰ ਕਿਹਾ, **''ਤੂੰ ਪਰਮੇਸ਼ੁਰ ਦੀਆਂ ਨਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ।''** ਰਸੂਲ ਦੀ ਸੋਚ ਰੂਹਾਨੀ ਨਹੀਂ ਸੀ ਉਹ ਤਾਂ ਜਿਸਮਾਨੀ ਸੋਚ ਰਿਹਾ ਸੀ। ਉਸ ਦੀ ਭੂਮਿਕਾ ਦੇ ਅਰਥ ਬਾਰੇ ਯਿਸੂ ਦੀ ਸੋਚ ਨਾਲੋਂ ਫ਼ਰਕ ਸੀ। ਆਇਤ 17 ਵਿਚ ''ਸਰੀਰ ਅਤੇ ਲਹੂ'' (ਨਾਸਵਾਨ ਮਨੁੱਖ) ਅਤੇ ''ਪਿਤਾ ਜਿਹੜਾ ਸੁਰਗ ਵਿਚ ਹੈ'' ਵਿਚ ਬਹੁਤ ਫ਼ਰਕ ਵਿਖਾਇਆ ਗਿਆ ਹੈ। ਇੱਥੇ ''ਖ਼ੁਦਾ ਦੀਆਂ ਗੱਲਾਂ'' ਅਤੇ ''ਮਨੁੱਖਾਂ ਦੀਆਂ ਗੱਲਾਂ'' ਵਿਚ ਇਕ ਹੋਰ ਫ਼ਰਕ ਵਿਖਾਇਆ ਗਿਆ ਹੈ।

## ਸ਼ਗਿਰਦੀ ਦੀ ਕੀਮਤ ਦਾ ਯਿਸੂ ਦਾ ਐਲਾਨ (16:24-27)

**24ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ। 25ਕਿਉਂ ਜੋ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆ ਦੇਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਲੱਭ ਲਵੇਗਾ। 26ਕਿਉਂ ਜੋ ਮਨੁੱਖਾਂ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕੁਮਾਵੇ ਪਰ ਆਪਣੀ ਜਾਨ ਦਾ ਨੁਕਸਾਨ ਕਰੇ? ਅਥਵਾ ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇਗਾ? 27ਕਿਉਂ ਜੋ ਮਨੁੱਖ ਦਾ ਪੁੱਤਰ ਆਪਣੇ ਦੂਤਾਂ ਸਣੇ ਆਪਣੇ ਪਿਤਾ ਦੇ ਤੇਜ ਨਾਲ ਆਵੇਗਾ ਅਤੇ ਉਸ ਸਮੇਂ ਉਹ ਹਰੇਕ ਨੂੰ ਉਹ ਦੀ ਕਰਨੀ ਮੂਜਬ ਫਲ ਦੇਵੇਗਾ।**

**ਆਇਤ 24.** ਉਨ੍ਹਾਂ ਕੁਰਬਾਨੀਆਂ ਲਈ ਜਿਹੜੀਆਂ ਉਨ੍ਹਾਂ ਨੇ ਦੇਣੀਆਂ ਸਨ, ਉਨ੍ਹਾਂ ਨੂੰ ਤਿਆਰ ਕਰਨ ਲਈ **ਯਿਸੂ ਨੇ** ਆਪਣੇ ਰਸੂਲਾਂ ਨੂੰ ਸ਼ਗਿਰਦੀ ਭਾਵ ਚੇਲੇ ਬਣਨ ਦਾ ਅਸਲ ਅਰਥ ਸਮਝਾਇਆ। ਮਸੀਹ ਦਾ ਅਸਲ ਚੇਲਾ ਬਣਨ ਲਈ **ਆਪਣੇ ਆਪ ਦਾ ਇਨਕਾਰ** ਕਰਨਾ ਜ਼ਰੂਰੀ ਹੈ। ''ਇਨਕਾਰ'' ਲਈ ਯੂਨਾਨੀ ਭਾਸ਼ਾ ਦੇ ਸ਼ਬਦ (*aparneomai*) ਦਾ ਅਰਥ ''ਪੂਰੀ ਤਰ੍ਹਾਂ ਨਾਲ ਤਿਆਗ'' ਜਾਂ ''ਆਪਣੇ ਆਪ ਨੂੰ ਕਿਸੇ ਹੋਰ ਨਾਲੋਂ ਬਿਲਕੁਲ ਅੱਡ ਕਰਨਾ'' ਹੋ ਸਕਦਾ ਹੈ। ਬਾਅਦ ਵਿਚ ਯਿਸੂ ਨੇ ਪਤਰਸ ਵੱਲੋਂ ਉਸ ਦੇ ਇਨਕਾਰਾਂ ਦਾ ਸੰਕੇਤ ਦੇਣ ਲਈ ਇਸੇ ਸ਼ਬਦ ਦੀ ਵਰਤੋਂ ਕੀਤੀ (26:34, 35, 75)। *Aparneomai* ਦੀ ਇਕ ਹੋਰ ਪਰਿਭਾਸ਼ਾ ''ਪੂਰੀ ਤਰ੍ਹਾਂ ਨਾਲ ਨਿਸੁਆਰਥ ਢੰਗ ਨਾਲ

ਕੰਮ'' ਕਰਨਾ ਹੈ। ਇਸ ਸ਼ਬਦ ਤੋਂ ਇਸ ਤੱਥ ਦਾ ਪਤਾ ਲਗਦਾ ਹੈ ਕਿ ਜ਼ਿੰਦਗੀ ਸਾਨੂੰ ਦੋ ਪਸੰਦਾਂ ਦਿੰਦੀ ਹੈ, ਜਿਸ ਵਿਚ ਜਾਂ ਤਾਂ ਸਾਨੂੰ ਆਪਣੇ ਆਪ ਦਾ ਇਨਕਾਰ ਕਰਨਾ ਜਾਂ ਮਸੀਹ ਦਾ ਇਨਕਾਰ ਕਰਨਾ ਜ਼ਰੂਰੀ ਹੈ ਜੋ ਆਪਣਾ ਇਨਕਾਰ ਕਰਨ ਲਈ ਆਖਦਾ ਹੈ।[9]

ਇਸ ਤੋਂ ਛੁੱਟ ਅਸਲ ਚੇਲਾ ਬਣਨ ਲਈ **ਆਪਣੀ ਸਲੀਬ ਚੁੱਕ** (ਵੇਖੋ 10:38) ਕੇ ਯਿਸੂ ਦੇ ਮਗਰ ਚੱਲਣਾ ਜ਼ਰੂਰੀ ਹੈ। ਲੂਕਾ ਨੇ ''ਰੋਜ਼'' ਸ਼ਬਦ ਜੋੜ ਦਿੱਤਾ ਹੈ (ਲੂਕਾ 9:23)। ਯਿਸੂ ਦੇ ਵਕਤ ਸਲੀਬ ਗੱਲ ਵਿਚ ਜਾਂ ਜੈਕਟ ਤੇ ਪਾਉਣ ਵਾਲਾ ਸ਼ਿੰਗਾਰ ਨਹੀਂ ਬਲਕਿ ਤਸੀਹੇ ਦੇਣ ਦਾ ਇਕ ਢੰਗ ਹੁੰਦਾ ਸੀ। ਸਲੀਬ ਤੇ ਦਿੱਤਾ ਜਾਣਾ ਪ੍ਰਾਚੀਨ ਜਗਤ ਦੇ ਮੌਤ ਦੀ ਸਜ਼ਾ ਦੇ ਸਭ ਤੋਂ ਤਕਲੀਫ਼ਦੇਹ, ਜ਼ਲਾਲਤ ਭਰੇ ਅਤੇ ਖ਼ਤਰਨਾਕ ਢੰਗਾਂ ਵਿੱਚੋਂ ਇਕ ਸੀ। ਰੋਮੀਆਂ ਨੇ ਆਪਣੀ ਪਰਜਾ ਦੀ ਬਗਾਵਤ ਨੂੰ ਰੋਕਣ ਦੇ ਰੂਪ ਵਿਚ ਇਸ ਦੀ ਵਰਤੋਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਸੀ। ਰਵਾਇਤੀ ਤੌਰ ਤੇ ਸਜ਼ਾ ਪਾਏ ਮੁਜਰਮ ਸਲੀਬ ਤੇ ਭਾਰੀ ਸ਼ਤੀਰ (*patibulum*) ਨੂੰ ਸਲੀਬ ਦਿੱਤੇ ਜਾਣ ਵਾਲੀ ਥਾਂ (ਯੂਹੰਨਾ 19:17) ਤਕ ਲਿਜਾਂਦੇ ਸਨ।[10] ਉਹ ਨਾ ਸਿਰਫ਼ ਸਲੀਬ ਤੇ ਸ਼ਤੀਰ ਦਾ ਭਾਰ ਚੁੱਕੇ ਅਤੇ ਰਾਹ ਵਿਚ ਤਮਾਸ਼ਬੀਨਾਂ ਦੇ ਤਾਅਨਿਆਂ ਅਤੇ ਜ਼ਲਾਲਤਾਂ ਨੂੰ ਵੀ ਪੀ ਜਾਂਦੇ ਸਨ।

ਯਿਸੂ **ਆਪਣੇ ਚੇਲਿਆਂ ਨੂੰ** ਦੱਸ ਰਿਹਾ ਸੀ ਕਿ ਉਹਦੀ ਖ਼ਾਤਿਰ ਉਨ੍ਹਾਂ ਨੂੰ ਇਨ੍ਹਾਂ ਦੁੱਖਾਂ ਅਤੇ ਬੇਇੱਜ਼ਤੀ ਨੂੰ ਇੱਥੋਂ ਤਕ ਕਿ ਮੌਤ ਵੀ ਸਹਿਣੀ ਜ਼ਰੂਰੀ ਹੈ **ਮੇਰੇ ਪਿੱਛੇ ਚੱਲੇ** ਯਿਸੂ ਵੱਲ ਧਿਆਨ ਦੁਆਉਂਦਾ ਹੈ ਜਿਹੜਾ ਸਲੀਬ ਤੇ ਮਰਨ ਲਈ ਯਰੂਸ਼ਲਮ ਨੂੰ ਜਾ ਰਿਹਾ ਸੀ। ਸ਼ਾਇਦ ਇਹ ਆਪਣੇ ਮਗਰ ਹੋ ਲੈਣ ਦੇ ਪਤਰਸ ਨੂੰ ਦਿੱਤੇ ਗਏ ਯਿਸੂ ਦੇ ਹੁਕਮ ਨਾਲ ਵੀ ਮੇਲ ਖਾਂਦਾ ਹੈ।

ਜ਼ਾਹਿਰ ਹੈ ਕਿ ਪਤਰਸ ਨੂੰ ਲੱਗਾ ਸੀ ਕਿ ਉਨ੍ਹਾਂ ਵਿੱਚੋਂ ਦੁੱਖ ਕਿਸੇ ਨੂੰ ਵੀ ਨਹੀਂ ਝੱਲਣਾ ਪੈਣਾ ਸੀ। ਉਹ ਬਿਲਕੁਲ ਗਲਤ ਸੀ! ਬਾਅਦ ਵਿਚ ਯਿਸੂ ਨੇ ਪਤਰਸ ਨੂੰ ਦੱਸਿਆ ਕਿ ਉਸ ਨੇ ਕਿਹੋ ਜਿਹੀ ਮੌਤ ਮਰਨਾ ਸੀ: ਸਲੀਬ ਦਿੱਤੇ ਜਾਣ ਨਾਲ (ਯੂਹੰਨਾ 21:18, 19)। ਰਵਾਇਤ ਇਹੋ ਦੱਸਦੀ ਹੈ ਕਿ ਪਤਰਸ ਨੇ ਸਲੀਬ ਤੇ ਉਲਟਾ ਟੰਗੇ ਜਾਣ ਦੀ ਬੇਨਤੀ ਕੀਤੀ ਸੀ ਕਿਉਂ ਜੋ ਉਹ ਆਪਣੇ ਆਪ ਨੂੰ ਇਸ ਯੋਗ ਨਹੀਂ ਮੰਨਦਾ ਸੀ ਕਿ ਉਸ ਨੂੰ ਯਿਸੂ ਵਾਂਗ ਹੀ ਸਲੀਬ ਤੇ ਦਿੱਤਾ ਜਾਵੇ।[11] ਇਨ੍ਹਾਂ ਸਾਰਿਆਂ ਨੇ ਅਖ਼ੀਰ ਵਿਚ ਦੁੱਖ ਝੱਲਣਾ ਸੀ।[12] ਜਦ ਯਾਕੂਬ ਅਤੇ ਯੂਹੰਨਾ ਦੀ ਮਾਤਾ ਇਹ ਆਖਦਿਆਂ ਯਿਸੂ ਕੋਲ ਆਈ ਸੀ ਕਿ ਉਹਦੇ ਪੁੱਤਰਾਂ ਨੂੰ ਇਕ ਨੂੰ ਉਸ ਦੇ ਸੱਜੇ ਅਤੇ ਇਕ ਨੂੰ ਉਸ ਦੇ ਖੱਬੇ ਬਿਠਾਇਆ ਜਾਵੇ, ਤਾਂ ਯਿਸੂ ਦਾ ਜਵਾਬ ਸੀ ਕਿ ਉਹ ਉਸੇ ਪਿਆਲੇ ਵਿੱਚੋਂ ਪੀਣਗੇ ਜਿਸ ਵਿੱਚੋਂ ਉਸ ਨੇ ਪੀਤਾ ਸੀ, ਭਾਵ ਉਨ੍ਹਾਂ ਨੇ ਗੁੱਸੇ ਅਤੇ ਮੌਤ ਦੇ ਪਿਆਲੇ ਵਿੱਚੋਂ ਪੀਣਾ ਸੀ (20:23)। ਰਵਾਇਤ ਦਸਦੀ ਹੈ ਕਿ ਸਾਰੇ ਵਫ਼ਾਦਾਰ ਰਸੂਲਾਂ ਵਿੱਚੋਂ ਇੱਕੋ ਸ਼ਹੀਦ ਦੀ ਮੌਤ ਨਹੀਂ ਮਰਿਆ। ਇਹ ਅਪਵਾਦ ਯੂਹੰਨਾ ਦਾ ਸੀ, ਜਿਸ ਨੇ ਤਸੀਹੇ ਅਤੇ ਜਲਾਵਤਨੀ ਨੂੰ ਝੱਲਿਆ ਸੀ (ਪ੍ਰਕਾਸ਼ ਦੀ ਪੋਥੀ 1:9)।

**ਆਇਤ 25.** ਸਲੀਬ ਚੁੱਕਣ ਤੋਂ ਭਾਵ ਮਸੀਹ ਦੀ ਖ਼ਾਤਿਰ ਆਪਣੀ ਜਾਣ ਦੇਣਾ ਹੈ। ਯਿਸੂ ਨੇ ਦੱਸਿਆ, **''ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆ ਦੇਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਲੱਭ ਲਵੇਗਾ''** (ਵੇਖੋ 10:39)।[13] ਆਪਣੀ ਜਾਨ ਨੂੰ ਬਚਾਉਣ ਦਾ ਮਤਲਬ ਸਿਰਫ਼ ਆਪਣੇ ਲਈ ਜੀਣਾ ਹੈ। ਅਜਿਹੀ ਜੀਵਨ ਸ਼ੈਲੀ ਦਾ ਅੰਤ ਹਮੇਸ਼ਾ ਦੀ ਜ਼ਿੰਦਗੀ ਦੇ ਨੁਕਸਾਨ ਨਾਲ ਹੁੰਦਾ ਅਤੇ ਸਾਫ਼ ਕਹੀਏ ਤਾਂ ਜਿਵੇਂ ਰੌਬਰਟ ਐਚ. ਗੁੰਡਰੀ ਨੇ ਕਿਹਾ ਹੈ, ''ਸਤਾਅ ਦੇ ਡਰ ਨਾਲ ਚੇਲਾ ਬਣਨ ਤੋਂ ਇਨਕਾਰ ਕਰਕੇ ਜਿਸਮਾਨੀ ਜ਼ਿੰਦਗੀ ਨੂੰ ਬਚਾਉਣ ਦਾ ਮਤਲਬ ਹਮੇਸ਼ਾ ਦੀ ਜ਼ਿੰਦਗੀ ਦੇ ਨੁਕਸਾਨ ਵੱਲ ਨੂੰ ਜਾਣਾ ਹੈ।''[14] ਇਸ ਆਇਤ ਵਿਚ ''ਜਾਨ'' ਆਰਜ਼ੀ ਜ਼ਿੰਦਗੀ ਜਾਂ ਹਮੇਸ਼ਾ ਦੀ ਜ਼ਿੰਦਗੀ ਬਾਰੇ ਹੈ।[15] ਯਿਸੂ ਪੁੱਛ ਰਿਹਾ ਸੀ ਕਿ ''ਤੁਸੀਂ ਕਿਸ ਨੂੰ ਚੁਣੋਗੇ?''

**ਆਇਤ 26.** ਫਿਰ ਪ੍ਰਭੂ ਨੇ ਪੁੱਛਿਆ, **''ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕੁਮਾਵੇ ਪਰ ਆਪਣੀ ਜਾਨ ਦਾ ਨੁਕਸਾਨ ਕਰੇ? ਅਥਵਾ ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇਗਾ?''** ਇੱਥੇ

ਇਸ ਆਇਤ ਵਾਲਾ ''ਜਾਨ'' ਅਤੇ (16:25 ਵਾਲਾ) ''ਜਾਨ'' ਇੱਕੋ ਹੀ ਯੂਨਾਨੀ ਸ਼ਬਦ ਹੈ। (*psuchē*) ਸ਼ਬਦ ਵਿੱਚੋਂ ਨਿੱਕਲੇ ਹਨ। ਨਾ ਤਾਂ ਯੂਨਾਨੀ ਅਤੇ ਨਾ ਸਾਮੀ ਭਾਸ਼ਾਵਾਂ ਵਿਚ ''ਪ੍ਰਾਣ'' (*soul*) ਅਤੇ ''ਜਾਨ'' (*life*) ਵਿਚਕਾਰ ਸਾਫ਼ ਫ਼ਰਕ ਹੈ, ਕਿਉਂਕਿ ਦੋਹਾਂ ਭਾਸ਼ਾਵਾਂ ਵਿਚ ਇੱਕੋ ਹੀ ਸ਼ਬਦ ਦੋ ਧਾਰਨਾਵਾਂ ਨੂੰ ਵਿਖਾਉਂਦਾ ਹੈ।[16] ਇੱਥੇ ''ਜਾਨ'' ਸ਼ਬਦ ਦਾ ਆਮ ਅਨੁਵਾਦ ਹੈ।

ਜੇ ਕਿਸੇ ਲਈ ਪੂਰੀ ਦੁਨੀਆਂ ਦੀ ਦੌਲਤ ਪਾਉਣਾ ਅਤੇ ਰੱਖਣਾ ਸੰਭਵ ਵੀ ਹੁੰਦਾ ਤਾਂ ਵੀ ਭਲਾ ਉਹ ਇਕ ਜਾਨ ਨੂੰ ਗੁਆਉਣ ਦੇ ਬਰਾਬਰ ਹੁੰਦਾ। ਦੁਨੀਆਂ ਦੀ ਸਾਰੀ ਦੌਲਤ ਥੋੜੀ ਦੇਰ ਦੀ ਹੈ (6:19–21)। ਦੁਨੀਆਂ ਨੂੰ ਪਾਉਣਾ ਅਤੇ ਆਪਣੀ ਜਾਨ ਗੁਆ ਬੈਠਣਾ, ਸਭ ਤੋਂ ਬੇਵਕੂਫ਼ੀ ਭਰੀ ਬਚਤ ਹੋਵੇਗਾ ਜਿਹੜੀ ਆਦਮੀ ਕਰ ਸਕਦਾ ਹੈ (19:16–22; ਲੂਕਾ 12:16–21; 16:19–31)। ਕਿਸਮਤਾਂ ਬਣਾਈਆਂ ਅਤੇ ਗੁਆਈਆਂ ਵੀ ਜਾ ਸਕਦੀਆਂ ਹਨ, ਪਰ ਹਰ ਬੰਦੇ ਦੀ ਜਾਨ ਇੱਕੋ ਹੈ। ਸੁਰਗ ਵਿਚ ਦੌਲਤ ਜਮ੍ਹਾ ਕਰਨ ਦਾ ਮਤਲਬ ਇਸ ਨੂੰ ਹਮੇਸ਼ਾ ਲਈ ਪਾ ਲੈਣਾ ਹੈ। ਇਕ ਵਾਰ ਗੁਆ ਦੇਣ ਦੇ ਬਾਅਦ ਕੋਈ ਵੀ ਆਪਣੀ ਜਾਨ ਨੂੰ ''ਅਦਲਾ ਬਦਲੀ'' (*antallagma*) ਜਾਂ ''ਫੇਰ ਖ਼ਰੀਦ'' ਨਹੀਂ ਸਕਦਾ।

**ਆਇਤ 27.** ਯਿਸੂ ਨੇ ਇਹ ਸਮਝਾਉਣਾ ਜਾਰੀ ਰੱਖਿਆ ਕਿ ਆਪਣਾ ਇਨਕਾਰ ਕਰਨਾ, ਆਪਣੀ ਸਲੀਬ ਚੁੱਕਣੀ ਅਤੇ ਉਹਦੇ ਮਗਰ ਚੱਲਣਾ ਕਿਉਂ ਜ਼ਰੂਰੀ ਹੈ, **''ਕਿਉਂ ਜੋ ਮਨੁੱਖ ਦਾ ਪੁੱਤਰ ਆਪਣੇ ਦੂਤਾਂ ਸਣੇ ਆਪਣੇ ਪਿਤਾ ਦੇ ਤੇਜ ਨਾਲ ਆਵੇਗਾ ਅਤੇ ਉਸ ਸਮੇਂ ਉਹ ਹਰੇਕ ਨੂੰ ਉਹ ਦੀ ਕਰਨੀ ਮੂਜਬ ਫਲ ਦੇਵੇਗਾ।''** ਆਪਣੇ ਕਾਰਣ ਦਿੰਦਿਆਂ ਉਸ ਨੇ ਤੀਜੀ ਵਾਰ ''ਕਿਉਂ ਜੋ'' ਆਖਿਆ। ਇੱਥੇ ਉਹ ਕਹਿੰਦਾ ਹੈ ਕਿ ਆਉਣ ਵਾਲੀ ਕਿਆਮਤ ਨੂੰ ਧਿਆਨ ਵਿਚ ਰੱਖਦਿਆਂ ਆਪਣਾ ਇਨਕਾਰ ਕਰਨ ਵਾਲੀ ਜ਼ਿੰਦਗੀ ਬਸਰ ਕਰਨੀ ਜ਼ਰੂਰੀ ਹੈ। ਪ੍ਰਭੂ ''ਤੇਜ'' (''ਸ਼ਾਹੀ ਸ਼ਾਨ'') ਨਾਲ ਆ ਰਿਹਾ ਹੈ ਅਤੇ ਉਹ ''ਆਪਣੇ ਦੂਤਾਂ ਸਣੇ'' ਆਵੇਗਾ (25:31; 1 ਥੱਸਲੁਨੀਕੀਆਂ 4:16; 2 ਥੱਸਲੁਨੀਕੀਆਂ 1:7)। ਉਹਦੀ ਦੂਜੀ ਆਮਦ ਉਹਦੀ ਪਹਿਲੀ ਆਮਦ ਵਰਗੀ ਨਹੀਂ ਹੋਵੇਗੀ। ਉਹਦੇ ਵਾਪਸ ਆਉਣ ਤੇ ਹਰ ਕਿਸੇ ਨੂੰ ਇਸ ਦਾ ਪਤਾ ਹੋਵੇਗਾ (ਪ੍ਰਕਾਸ਼ ਦੀ ਪੋਥੀ 1:7)। ਉਹ ਮਨੁੱਖ ਜਾਤੀ ਦਾ ਨਿਆਂ ਕਰਨ ਲਈ ਆ ਰਿਹਾ ਹੈ। ਹਰ ਬੰਦੇ ਨੂੰ ਉਹਦਾ ਬਣਦਾ ਇਨਾਮ ਦਿੱਤਾ ਜਾਵੇਗਾ। ਇਹ ਨਿਆਂ ਮਨੁੱਖ ਦੇ ''ਕਰਮਾਂ'' ਤੇ ਅਧਾਰਿਤ (ਰੋਮੀਆਂ 2:5–7; 2 ਕੁਰਿੰਥੀਆਂ 5:10; 11:15; 1 ਪਤਰਸ 1:17; ਪ੍ਰਕਾਸ਼ ਦੀ ਪੋਥੀ 2:23; 20:12, 13; 22:12)। ਇਹ ਉਹਦੀ ਗੱਲਾਂ (12:36, 37) ਅਤੇ ਉਨ੍ਹਾਂ ਗੁਪਤ ਵਿਚਾਰਾਂ ਦੇ ਅਧਾਰ ਤੇ ਵੀ ਹੋਵੇਗਾ ਜਿਹੜੇ ਲੁਕੇ ਹੋਏ ਸਨ (ਉਪਦੇਸ਼ਕ ਦੀ ਪੋਥੀ 12:14)। ਪੂਰਾ ਨਿਆਂ ਮਸੀਹ ਦੇ ਵਚਨਾਂ ਤੇ ਅਧਾਰਿਤ ਹੋਵੇਗਾ (ਯੂਹੰਨਾ 12:48)।

## ਯਿਸੂ ਦਾ ਵਾਅਦਾ ਕਿ ਉੱਥੇ ਮੌਜੂਦ ਕੁਝ ਲੋਕਾਂ ਨੇ ਰਾਜ ਨੂੰ ਵੇਖਣਾ ਸੀ (16:28)

**28ਮੈਂ ਤੁਹਾਨੂੰ ਸੱਚ ਆਖਦਾ ਹਾਂ ਜੋ ਕਈ ਇਨ੍ਹਾਂ ਵਿੱਚੋਂ ਜਿਹੜੇ ਐਥੇ ਖੜੇ ਹਨ ਮੌਤ ਦਾ ਸੁਆਦ ਨਾ ਚੱਖਣਗੇ ਜਦ ਤੋੜੀ ਮਨੁੱਖ ਦੇ ਪੁੱਤਰ ਨੂੰ ਆਪਣੇ ਰਾਜ ਵਿਚ ਆਉਂਦਾ ਨਾ ਵੇਖਣ।**

**ਆਇਤ 28.** ਯਿਸੂ ਨੇ ਰਸੂਲਾਂ ਨਾਲ ਵਾਅਦਾ ਕੀਤਾ ਕਿ ਉਨ੍ਹਾਂ ਵਿੱਚੋਂ **ਕਈ ਜਣੇ ਉਹਦੇ ਰਾਜ** ਨੂੰ ''ਕੁਦਰਤ ਨਾਲ ਆਇਆ ਹੋਇਆ'' ਵੇਖਣ ਲਈ ਜ਼ਿੰਦਾ ਰਹਿਣੇ ਸਨ (ਮਰਕੁਸ 9:1)। ਯਹੂਦਾ ਨੂੰ ਛੱਡ ਜਿਸ ਨੇ ਆਪਣੀ ਜਾਨ ਲੈ ਲਈ ਸੀ, ਪੈਂਟੀਕਾਸਟ ਵਾਲੇ ਦਿਨ ਉਨ੍ਹਾਂ ਵਿੱਚੋਂ ਸਾਰੇ ਹੀ ਰਾਜ ਦੇ ਆਉਣ ਦੇ ਗਵਾਹ ਹੋਣ ਲਈ ਉੱਥੇ ਸਨ (ਰਸੂਲਾਂ ਦੇ ਕੰਮ 1:15—2:4)। ਬਾਕੀ ਗਿਆਰਾਂ

ਨੇ ਰਾਜ (ਕਲੀਸੀਆ) ਦੇ ਵਜੂਦ ਵਿਚ ਆਉਣ ਦੇ ਕੁਝ ਸਾਲਾਂ ਬਾਅਦ ਤਕ **ਮੌਤ ਦਾ ਸੁਆਦ** ਨਹੀਂ ਚੱਖਿਆ ਸੀ। ''ਮੌਤ ਦਾ ਸੁਆਦ'' ਮੌਤ ਦਾ *ਅਨੁਭਵ* ਕਰਾਉਣ ਲਈ ਇਕ ਮੁਹਾਵਰਾ ਹੈ (ਯੂਹੰਨਾ 8:52; ਇਬਰਾਨੀਆਂ 2:9)। ਬਾਈਬਲ ਸਾਫ਼ ਦੱਸਦੀ ਹੈ ਕਿ ਰਾਜ ਇਸ ਵਕਤ ਹੈ (1 ਕੁਰਿੰਥੀਆਂ 15:24–28; ਕੁਲੁੱਸੀਆਂ 1:13; ਇਬਰਾਨੀਆਂ 12:28; ਪ੍ਰਕਾਸ਼ ਦੀ ਪੋਥੀ 1:9)। ''ਆਪਣੇ ਰਾਜ ਵਿਚ ਆਉਂਦਾ'' ਵਾਕਅੰਸ਼ ਤੋਂ ਯਕੀਨੀ ਤੌਰ ਤੇ ਭਾਵ ਇਹ ਹੈ ਕਿ ਉਸ ਨੇ ਮਸੀਹੀ ਯੁਗ ਦੇ ਰਾਜੇ ਅਤੇ ਪ੍ਰਭੂ ਦੇ ਰੂਪ ਵਿਚ ਆਪਣੀ ਹਕੂਮਤ ਵਿਚ ਆਉਣਾ ਸੀ (ਰਸੂਲਾਂ ਦੇ ਕੰਮ 2:33–36)।[17]

ਆਇਤ 28 ਦੀਆਂ ਦਿੱਤੀਆਂ ਗਈਆਂ ਹੋਰ ਵਿਆਖਿਆਵਾਂ ਤਰਕਸੰਗਤ ਜਾਂ ਸੰਭਵ ਨਹੀਂ ਹਨ। (1) ਤਰਕ ਦਿੱਤਾ ਗਿਆ ਹੈ ਕਿ ਇਹ ਅਧਿਆਇ 17 ਦੇ ਰੂਪ ਬਦਲਣ ਦੇ ਸਬੰਧ ਵਿਚ ਹੈ। ਪਰ ਉਹ ਘਟਨਾ ਸਿਰਫ਼ ਛੇ ਦਿਨ ਬਾਅਦ ਹੋਈ (17:1)। ਇਸ ਤਰ੍ਹਾਂ ਦੀ ਘਟਨਾ ਸਮੇਂ ਦੀ ਇਸ ਤਰਤੀਬ ਵਿਚ ਜਿਸ ਦਾ ਇਕ ਸੰਕੇਤ ਹੈ, ਮੇਲ ਨਹੀਂ ਖਾ ਸਕਦੀ। ਰੂਪ ਬਦਲਣਾ ਰਾਜ ਦੇ ਕਾਇਮ ਹੋਣ ਦੀ ਨਿਸ਼ਾਨਦੇਹੀ ਨਹੀਂ ਸੀ ਬਲਕਿ ਇਸ ਨਾਲ ਯਿਸੂ ਦਾ ਜਲਾਲ ਜ਼ਾਹਿਰ ਹੋਇਆ ਜਿਹੜਾ ਉਸ ਨੇ ਰਾਜ ਦੇ ਆ ਜਾਣ ਤੇ ਫੇਰ ਤੋਂ ਪਾਉਣਾ ਸੀ (ਯੂਹੰਨਾ 17:5)।

(2) ਨਾ ਹੀ ਇਹ ਆਇਤ 70 ਈਸਵੀ ਵਿਚ ਯਰੂਸ਼ਲਮ ਦੀ ਗੱਲ ਕਰਦੀ ਹੈ। ਯਰੂਸ਼ਲਮ ਦੀ ਬਰਬਾਦੀ ਬੇਸ਼ੱਕ ਖ਼ੁਦਾ ਦੇ ਰਾਜ ਦਾ ਪ੍ਰਗਟਾਵਾ ਸੀ ਪਰ ਇਸ ਨੂੰ ਮਸੀਹ ਦੇ ਰਾਜ ਨਾਲ ਨਹੀਂ ਲਿਆ ਜਾ ਸਕਦਾ। ਰਾਜ ਦਾ ਆਉਣਾ ਯਰੂਸ਼ਲਮ ਦੇ ਢਹਿਣ ਤੋਂ ਕਈ ਸਾਲ ਪਹਿਲਾਂ ਹੋ ਚੁੱਕਿਆ ਸੀ (ਵੇਖੋ ਕੁਲੁੱਸੀਆਂ 1:13; ਪ੍ਰਕਾਸ਼ ਦੀ ਪੋਥੀ 1:6)।

(3) ਫਿਰ ਇਸ ਆਇਤ ਨੂੰ ਮਸੀਹ ਦੀ ਦੂਜੀ ਆਮਦ ਨਾਲ ਵੀ ਨਹੀਂ ਜੋੜਿਆ ਜਾ ਸਕਦਾ। ਯਿਸੂ ਨੇ ਕਿਹਾ ਕਿ ਉਹਨੂੰ ਨਹੀਂ ਪਤਾ ਸੀ ਕਿ ਇਹ ਘਟਨਾ ਕਦੋਂ ਹੋਵੇਗੀ (24:36; ਮਰਕੁਸ 13:32), ਜਦ ਕਿ ਇਸ ਆਇਤ ਵਿਚ ਉਸ ਨੇ ਰਾਜ ਦੇ ਆਉਣ ਦੀ ਗੱਲ ਆਪਣੇ ਰਸੂਲਾਂ ਦੇ ਜੀਉਂਦਿਆਂ ਹੋਣੀ ਦੱਸੀ। ਹਜ਼ਾਰ ਸਾਲਾ ਰਾਜ ਦੀ ਸਿੱਖਿਆ ਦੇ ਸਿਧਾਂਤਾਂ ਦੇ ਉਲਟ ਯਿਸੂ ਆਪਣੇ ਰਾਜ ਕਾਇਮ ਕਰਨ ਲਈ ਵਾਪਸ ਨਹੀਂ ਆ ਰਿਹਾ ਹੈ। ਉਸ ਨੇ ਇਸ ਨੂੰ ਆਪਣੇ ਉੱਪਰ ਉਠਾਏ ਜਾਣ ਤੋਂ ਬਾਅਦ ਆਉਣ ਵਾਲੇ ਪਹਿਲੇ ਪੈਂਟੀਕਾਸਟ ਵਾਲੇ ਦਿਨ ਕਾਇਮ ਕਰ ਦਿੱਤਾ ਸੀ।

~~~ **ਸਬਕ** ~~~

## ਗੁਆਚਾ ਅਤੇ ਲੱਭਾ (16:24-27)

ਯਿਸੂ ਨੇ ਹਲੀਮੀ ਦੀ ਅਹਿਮੀਅਤ ਸਮਝਾਈ (23:11; ਲੂਕਾ 14:11; 18:14)। ਇਕ ਅਰਥ ਵਿਚ ਉਸ ਨੇ ਆਖਿਆ, ''ਆਪਣੇ ਦਿਮਾਗ਼ ਨੂੰ ਆਪਣੇ ਆਪ ਤੋਂ ਦੂਰ ਰੱਖੋ ਅਤੇ ਆਪਣੇ ਆਪ ਨੂੰ ਆਪਣੇ ਦਿਮਾਗ਼ ਤੋਂ ਦੂਰ।''

ਉਹ ਕੁਝ ਕਿਹੜੀਆਂ ਗੱਲਾਂ ਹਨ ਜਿਹੜੀਆਂ ਸਾਨੂੰ ਗੁਆਣੀਆਂ ਜ਼ਰੂਰੀ ਹਨ।

1. *ਖ਼ੁਦਗਰਜ਼ੀ।* ਖ਼ੁਦਗਰਜ਼ ਲੋਕ ਅਧੂਰੇ ਹਨ। ਯਿਸੂ ਨੇ ਆਪਣਾ ਇਨਕਾਰ ਕਰਨਾ ਸਿਖਾਇਆ।

2. *ਖ਼ੁਦਗਰਜ਼ੀ।* ਅਦਨ ਵਿਚ ਅਸਲ ਦਿੱਕਤ ਇਹ ਸੀ ਕਿ ਆਦਮ ਅਤੇ ਹੱਵ੍ਹਾ ਆਪਣੇ ਹੀ ਰੱਬ ਬਣਨਾ ਚਾਹੁੰਦੇ ਸਨ। ਘੁਮੰਡ ਬੜੀ ਵੱਡੀ ਮੁਸ਼ਕਿਲ ਹੈ।

3. *ਆਤਮਚੇਤੰਨਤਾ।* ਸੰਸਾਰ ਸਾਨੂੰ ਸਿਖਾਉਂਦਾ ਹੈ, ''ਆਪਣੇ ਆਪ ਨੂੰ ਜਾਣੋ।'' ਕੁਝ ਲੋਕ ਇਹ ਸਿਖਾਉਂਦੇ ਹਨ ''ਆਪਣੇ ਨਾਲ ਇਮਾਨਦਾਰ ਹੋਵੋ।''

ਇਸ ਦੇ ਉਲਟ ਬਾਈਬਲ ਆਪਣੇ ਸਬੰਧ ਵਿਚ ਤਿੰਨ ਨਿਯਮ ਮੰਨਣਾ ਸਿਖਾਉਂਦੀ ਹੈ: ਆਪਣੇ ਆਪ ਨੂੰ ਦੇ ਦੇਣਾ–ਆਪਣਾ ਇਨਕਾਰ ਕਰਨਾ ਅਤੇ ਆਪਣੇ ਆਪ ਨੂੰ ਗੁਆ ਦੇਣਾ।
~~~

## ਆਪਣੀ ਜਾਨ ਗੁਆਉਣਾ (16:25)

ਲੋੜ ਪੈਣ ਤੇ ਮਸੀਹ ਦੇ ਕਾਰਜ ਲਈ ਆਪਣੀ ਜਾਨ ਦੇ ਦੇਣ ਨੂੰ ਤਿਆਰ ਹੋਣਾ ਜ਼ਰੂਰੀ ਤਾਂ ਹੈ, ਪਰ ਸਲੀਬ ਨੂੰ ਚੁੱਕਣ ਤੋਂ ਭਾਵ ਸੰਸਾਰ ਵਿਚ ਪ੍ਰਭੂ ਦੇ ਕੰਮ ਨੂੰ ਕਰਦਿਆਂ ਆਪਣੇ ਆਪ ਨੂੰ ਗੁਆ ਦੇਣਾ ਵੀ ਹੋ ਸਕਦਾ ਹੈ। ਇਸ ਤੋਂ ਭਾਵ ਗੁਆਚੇ ਹੋਇਆਂ ਨੂੰ ਲੱਭਣ, ਬਚਾਏ ਹੋਇਆਂ ਨੂੰ ਬਚਾਈ ਰੱਖਣ ਅਤੇ ਡਿੱਗਿਆਂ ਨੂੰ ਸੰਭਾਲਣ ਵਿਚ ਲੱਗੇ ਹੋਣਾ ਹੋ ਸਕਦਾ ਹੈ। ਇਸ ਤੋਂ ਭਾਵ ''ਅਨਾਥਾਂ ਅਤੇ ਵਿਧਵਾਵਾਂ'' ਕੋਲ ਜਾ ਕੇ ''ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ'' ਰੱਖਦਿਆਂ ''ਸ਼ੁੱਧ ਅਤੇ ਨਿਰਮਲ'' ਰੱਖਣਾ ਹੈ (ਯਾਕੂਬ 1:27)। ਅਜਿਹੀ ਸਮਰਪਿਤ ਜ਼ਿੰਦਗੀ ਜੀਣ ਨਾਲ ਹਮੇਸ਼ਾ ਦੀ ਜ਼ਿੰਦਗੀ ਮਿਲੇਗੀ।

## ਬਚਾਏ ਜਾਣ ਦੀ ਇੱਛਾ (16:26)

ਸਾਡੇ ਨਾਲ ਸਭ ਤੋਂ ਖ਼ਤਰਨਾਕ ਗੱਲ ਕਿਹੜੀ ਹੋ ਸਕਦੀ ਹੈ? ਨੌਕਰੀ ਛੁੱਟ ਜਾਣਾ? ਕਿਸੇ ਅਜ਼ੀਜ਼ ਦਾ ਵਿੱਛੜ ਜਾਣਾ? ਸਿਹਤ ਦਾ ਖੁੱਸ ਜਾਣਾ? ਅਸਲ ਵਿੱਚੋਂ ਇਨ੍ਹਾਂ ਵਿੱਚੋਂ ਕੁਝ ਵੀ ਨਹੀਂ। ਮੱਤੀ 16:26 ਵਿਚ ਯਿਸੂ ਨੇ ਆਪਣਾ ਜਵਾਬ ਦਿੱਤਾ। ਕਿਸੇ ਦੀ ਵੀ ਜ਼ਿੰਦਗੀ ਦਾ ਸਭ ਤੋਂ ਵੱਡਾ ਦੁਖਾਂਤ ਉਸ ਦੀ ਆਪਣੀ ਜਾਨ ਦਾ ਗੁਆਚਣਾ ਹੈ। ਕੋਈ ਵੀ ਗੁਆਚਣਾ ਨਹੀਂ ਚਾਹੇਗਾ ਕਿਉਂਕਿ ਖ਼ੁਦਾ ਨੇ ਸਭ ਲਈ ਮੁਕਤੀ ਦਾ ਉਪਾਅ ਕੀਤਾ ਹੈ। ਜੇ ਕੋਈ ਗੁਆਚਦਾ ਹੈ ਤਾਂ ਕਸੂਰ ਖ਼ੁਦਾ ਦਾ ਨਹੀਂ ਹੋਵੇਗਾ (ਰੋਮੀਆਂ 2:1)।

ਬਚਾਏ ਜਾਣ ਲਈ ਦੁਨਿਆਵੀ ਜਾਇਦਾਦ, ਪੜ੍ਹਾਈ ਜਾਂ ਮਸ਼ਹੂਰੀ ਦੀ ਲੋੜ ਨਹੀਂ ਹੈ। ਖ਼ੁਦਾ ਨੂੰ ਭਾਉਣ ਲਈ ਆਦਮੀ ਲਈ ਬਚਾਏ ਜਾਣ ਲਈ ਆਪਣੀ ਹੀ ਲੋੜ ਨੂੰ ਸੱਚੇ ਦਿਲੋਂ ਮੰਨ ਲੈਣ ਅਤੇ ਖ਼ੁਦਾ ਵੱਲੋਂ ਦਿੱਤੇ ਗਏ ਹੁਕਮ ਦਾ ਪਾਲਣ ਕਰਨ ਦੀ ਇੱਛਾ ਨਾਲ ਸਿਰਫ਼ ਇੰਜੀਲ ਦੀ ਗੱਲ ਮੰਨਣ ਦੀ ਇੱਛਾ ਹੋਣਾ ਜ਼ਰੂਰੀ ਹੈ।

---

ਟਿੱਪਣੀਆਂ

[1]ਕ੍ਰੇਗ ਐਸ. ਕੀਨਰ, *ਏ ਕਮੈਂਟਰੀ ਆਨ ਦ ਗੌਸਪਲ ਆਫ਼ ਮੈਥਿਊ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1999), 421. [2]ਵਿਲੀਅਮ ਹੈਂਡ੍ਰਿਕਸਨ, *ਨਿਊ ਟੈਸਟਾਮੈਂਟ ਕਮੈਂਟਰੀ: ਐਕਸਪੋਜ਼ਿਸਨ ਆਫ਼ ਦ ਗੌਸਪਲ ਅਕਾਰਡਿੰਗ ਟੂ ਮੈਥਿਊ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1973), 654. [3]ਮੱਤੀ 12:40; 16:21; 17:23; 20:19; 26:61; 27:40, 63, 64; ਮਰਕੁਸ 8:31; 9:31; 10:34; 14:58; 15:29; ਲੂਕਾ 9:22; 13:32; 18:33; 24:7, 21, 46; ਯੂਹੰਨਾ 2:19; ਰਸੂਲਾਂ ਦੇ ਕੰਮ 10:40; 1 ਕੁਰਿੰਥੀਆਂ 15:4. [4]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗ੍ਰਾਊਂਡਜ਼ ਕਮੈਂਟਰੀ,* ਜਿਲਦ 1, *ਮੈਥਿਊ, ਮਾਰਕ, ਲੂਕ,* ਸੰਪਾ. ਕਲਿੰਟਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 104 ਵਿਚ ਮਾਈਕਲ ਜੇ. ਵਿਲਕਿੰਸ, ''ਮੈਥਿਊ।'' [5]ਡਗਲਸ ਆਰ. ਏ. ਹੇਅਰ, *ਮੈਥਿਊ,* ਇੰਟਰਪ੍ਰਿਟੇਸ਼ਨ (ਲੁਈਸਵਿੱਲੇ: ਜੌਨ ਨੌਕਸ ਪ੍ਰੈੱਸ, 1993), 194. [6]ਹੈਂਡ੍ਰਿਕਸਨ, 655. [7]ਡਬਲਯੂ. ਐਫ਼. ਅਲਬ੍ਰਾਈਟ ਐਂਡ ਪੀ. ਐਫ਼ ਮੱਨ, *ਮੈਥਿਊ,* ਦ ਐਂਕਰ ਬਾਈਬਲ (ਗਾਰਡਨ ਸਿਟੀ, ਨਿਊ ਯਾਰਕ: ਡਬਲਡੇ ਐਂਡ ਕੰ., 1971), 200. [8]ਹੇਅਰ, 194. [9]ਜੈਕ ਪੀ. ਲੂਈਸ, *ਏ ਕਮੈਂਟਰੀ ਆਨ ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 2, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1976), 41–42. [10]ਪਲੂਟਾਰਕ *ਮੋਰੇਲੀਆ* 554ਬੀ।

[11]ਮੁੱਢਲੀ ਰਵਾਇਤ ਵਿਚ ਪਤਰਸ ਦੀ ਸ਼ਹਾਦਤ ਦਾ ਜ਼ਿਕਰ ਹੈ ਪਰ ਉਸ ਨੂੰ ਮੌਤ ਦਿੱਤੇ ਜਾਣ ਦੇ ਢੰਗ ਨੂੰ ਨਹੀਂ ਦੱਸਿਆ ਗਿਆ (*1 ਕਲੈਮੈਂਟ* 5.4)। ਬਾਅਦ ਦੀਆਂ ਲਿਖਤਾਂ ਵਿਚ ਪਤਾ ਲਗਦਾ ਹੈ ਕਿ ਉਸ ਨੂੰ

ਉਲਟਾ ਸਲੀਬ ਤੇ ਟੰਗਿਆ ਗਿਆ ਸੀ (ਯੂਸਬਿਯੁਸ *ਐਕਲੇਸਿਏਸਟੀਕਲ ਹਿਸਟਰੀ* 3.1; ਐਕਟਸ ਆਫ਼ ਪੀਟਰ 37–39)। ਇਸ ਰਵਾਇਤ ਦੇ ਦਰੁੱਸਤ ਹੋਣ ਤੇ ਤਾਂ ਵਿਵਾਦ ਹੈ ਪਰ ਕਿਸੇ ਨੂੰ ਸਲੀਬ ਤੇ ਉਲਟਾ ਟੰਗੇ ਜਾਣ ਦੀ ਮਿਸਾਲ ਦੀ ਕਮੀ ਨਹੀਂ ਸੀ (ਸੇਨੇਕਾ *ਕੰਸੋਲੇਸ਼ਨ ਟੂ ਮਾਰਸੀਆ* 20)। [12]ਇਹ ਗੱਲ ਯਹੂਦਾ ਨੂੰ ਛੱਡ ਜਿਸ ਨੇ ਯਿਸੂ ਨੂੰ ਫੜਵਾਇਆ ਸੀ, ਸਭ ਲਈ ਹੈ। [13]ਯਹੂਦੀ ਲਿਖਤਾਂ ਵਿਚ ਅਜਿਹੇ ਹੀ ਵਿਚਾਰਾਂ ਲਈ, ਵੇਖੋ *1 ਏਨੋਕ* 108.10; *2 ਬਾਰੂਕ* 51.15, 16; ਮਿਸ਼ਨਾਹ *ਐਬੱਥ* 4.17; ਟਾਲਮੁਡ *ਟਾਮਿਡ* 32ਏ। [14]ਰੌਬਰਟ ਐਚ. ਗੁੰਡਰੀ, *ਮੈਥਿਊ: ਏ ਕਮੈਂਟਰੀ ਆਨ ਹਿਜ਼ ਲਿਟਰੇਰੀ ਐਂਡ ਥਿਓਲੋਜੀਕਲ ਆਰਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1982), 340. [15]ਜੇ. ਡਬਲਯੂ. ਮੈਕਗਰਵੇ, *ਦ ਨਿਊ ਟੈਸਟਾਮੈਂਟ ਕਮੈਂਟਰੀ,* ਜਿਲਦ 1, *ਮੈਥਿਊ ਐਂਡ ਮਾਰਕ* (ਪੰਨਾ ਰਹਿਤ, 1875; ਰੀਪ੍ਰਿੰਟ, ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲੀਸ਼ਿੰਗ ਕੰ., ਮਿਤੀ ਰਹਿਤ), 148. [16]ਲੂਈਸ, *ਮੈਥਿਊ,* 42. [17]ਮੈਕਗਰਵੇ, 149.